(ਲੇਖ ਡਾਕਟਰ ਗੁਰਮੁਖ ਸਿੰਘ ਨਵੀਂ ਦਿਲੀ 18 ਮਾਰਚ 2010)

## ਦਸਮ ਗ੍ਰੰਥ ਦੀਆਂ ਬਾਣੀਆਂ - ਪ੍ਰੋਫ ਦਰਸ਼ਨ ਸ਼ਿੰਘ ਦਾ ਸਿਖ ਮਾਰਗ ਤੇ ਸਪਸ਼ਟੀਕਰਣ 13 ਮਾਰਚ 2010

ਪ੍ਰੋਫ ਦਰਸ਼ਨ ਸਿੰਘ ਸਿਖ ਪੰਥ ਦੇ ਉਘੇ ਮਾਨਯੋਗ ਪਰਚਾਰਕ ਹਨ । ਸੰਗਤਾਂ ਉਤੇ ਉਹਨਾਂ ਦਾ ਬਹੁਤ ਪ੍ਰਭਾਵ ਹੈ, ਇਸ ਲਈ ਉਹਨਾਂ ਦੀ ਜ਼ਿਮੇਵਾਰੀ ਵੀ ਬਹੁਤ ਹੈ ।ਸਿਖ ਮਾਰਗ ਤੇ ਇਕ ਪ੍ਰੈਸ ਨੋਟ ਵਿਚ ਉਹ ਕਹਿੰਦੇ ਹਨ -

ਇਸ ਸਮੇਂ ਉਹਨਾਂ ਦੇ ਪਰਚਾਰ ਦਾ ਮੁਦਾ ਦਸਮ ਗ੍ਰੰਥ, ਪੰਥ ਪਰਵਾਨਿਤ ਰਹਿਤ ਮਰਯਾਦਾ ਤੇ ਨਿਤਨੇਮ ਦੀਆਂ ਬਾਣੀਆਂ ਹਨ ।ਸਪਸ਼ਟੀਕਰਣ ਵਿਚ ਉਹਨਾਂ ਨੇਂ ਅਪਨਾਂ ਸਟੈਂਡ ਦਸਿਆ ਹੈ।ਉਹ ਕਹਿੰਦੇ ਹਨ ਕਿ ਮੇਰੇ ਸੰਘਰਸ਼ ਦਾ ਮੁਦਾ ਹੈ ਸ੍ਰੀ ਗੁਰੂ ਗ੍ਰੰ ਸਾਹਿਬ ਦੇ ਸਾਹਮਣੇ ਕਿਸੇ ਹੋਰ ਗ੍ਰੰਥ ਦਾ ਪਰਕਾਸ਼ ਕਰਕੇ ਗੁਰੂ ਦੀ ਬੇਅਦਬੀ ਨਾ ਕੀਤੀ ਜਾਵੇ, ਹੋਰ ਕੋਈ ਗ੍ਰੰਥ ਸਿਖ ਦਾ ਗੁਰੂ ਨਹੀਂ ਹੋ ਸਕਦਾ।ਮੈਂ ਅਕਾਲ ਤਖਤ ਤੋਂ ਪੰਥ ਪਰਵਾਨਿਤ ਸਿਖ ਰਹਿਤ ਮਰਯਾਦਾ ਅਨੁਸਾਰ ਬਾਣੀਆਂ ਨੂੰ ਮੰਨਦਾ ਹਾਂ।(ਇਹਨਾਂ ਵਿਚ ਜਾਪ ਸਾਹਿਬ, ਸਵਯੇ, ਕਬਿਓਬਾਚ ਚੌਪਈ ਤੇ ਭਗਉਤੀ ਦੇ ਸਿਮਰਨ ਵਾਲੀ ਅਰਦਾਸ ਸ਼ਾਮਲ ਹੈ ਜੋ ਦਸਮ ਗ੍ਰੰਥ ਵਿਚੋਂ ਲਈਆਂ ਗਈਆਂ ਹਨ।) ਸਪਸ਼ਟੀਕਰਣ ਵਿਚ ਉਹਨਾਂ ਨੇ, ਸ ਜੋਗਿੰਦਰ ਸਿੰਘ ਸੰਪਾਦਕ ਸਪੋਕਸਮੈਨ ਦੇ ਨਾਲ ਮਤ ਭੇਦ ਵੀ ਦਰਸਾਏ ਹਨ।ਸਪੋਸਮੈਨ ਦੇ 10 ਮਾਰਚ ਦੇ ਪਰਚੇ ਵਿਚ ਇਕ ਖਬਰ ਹੈ ਕਿ ਪ੍ਰੋਫ ਇੰਦਰ ਸਿੰਘ ਘਗਾ ਅਨੁਸਾਰ ਜਾਪ ਸਾਹਿਬ, ਮਹਾਂਕਾਲ ਦੀ ਉਸਤਤ ਸ਼ਿਵਪੁਰਾਨ ਵਿਚੌਂ ਲਈ ਗਈ ਹੈ।

ਪ੍ਰੋਫ ਦਰਸ਼ਨ ਸਿੰਘ, ਸ ਰਾਜਿੰਦਰ ਸਿੰਘ ਖਾਲਸਾ, ਸ ਦਲਬੀਰ ਸਿੰਘ ,ਸ ਉਪਕਾਰ ਸਿੰਘ ,ਸ ਜੋਗਿੰਦਰ ਸਿੰਘ, ਇੰਡੀਆ ਅਵੇਰਨੈਸ, ਤਤ ਗੁਰਮਤਿ ਪਰਵਾਰ ਦਾਸ ਤੇ ਹੋਰ ਦੇਸ਼ ਵਿਦੇਸ਼ ਦੇ ਸਿਖ ਤੇ ਅਦਾਰੇ ਦਸਮ ਗ੍ਰੰਥ, ਸਰਬ ਲੋਹ ਗ੍ਰੰਥ, ਪੁਰਾਤਨ ਰਹਿਤਨਾਮਿਆਂ ਦਾ ਅਧਯੈਨ ਹਰ ਪਹਿਲੂ ਤੋਂ ਕਰ ਚੁਕੇ ਹਨ ਤੇ ਉਹਨਾਂ ਦੀ ਖੋਜ ਦੇ ਨਤੀਜੇ ਇਹ ਹਨ-

ਦਸਮ ਗ੍ਰੰਥ ਦੀ ਕੋਈ ਰਚਨਾਂ ਪਾ:10 ਕ੍ਰਿਤ ਨਹੀਂ। ਇਹਨਾਂ ਰਚਨਾਵਾਂ ਵਿਚ ਦੇਵੀ ਦੇਵਤਿਆਂ ਦਾ ਸਿਮਰਨ ਤੇ ਉਸਤਿਤ ਹੈ, ਇਹ ਹਿੰਦੂ ਮਤ, ਬੇਦ ਬਾਣੀ ਦੇ ਗ੍ਰੰਥਾਂ ਦਾ ਅਨੁਵਾਦ ਹਨ।ਦੇਵੀ ਦੇਵਤਿਆਂ ਦੀ ਉਸਤਤ ਕਰਨਾ ਤੇ ਬੇਦ ਬਾਣੀ ਨੂੰ ਪੜਨਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਵਿਰੁਧ ਕਰਮ ਹੈ।ਗੁਰੂ ਜੀ ਦੇ ਸਿਖ ਗੁਰੂ ਹੁਕਮਾਂ ਦੇ ਖਿਲਾਫ ਕੋਈ ਕਮ ਨਹੀਂ ਕਰ ਸਕਦੇ। ਇਸ ਨਵੀਂ ਖੋਜ ਤੋਂ ਬਾਦ ਵੀ ਜੋ ਗੁਰਸਿਖ ਗੁਰਬਾਣੀ ਹੁਕਮਾਂ ਵਿਰੁਧ ਐਸੇ ਪਾਪ ਕਰਮ ਕਰਨ ਦਾ ਹੀਆ ਕਰਦੇ ਹਨ, ਉਹਨਾਂ ਨੂੰ ਦਰਗਾਹ ਵਿਚ ਦੋਸ਼ੀ ਠਹਿਰਾਇਆ ਜਾਵੇਗਾ।

ਸਰਬ ਲੋਹ ਗ੍ਰੰਥ ਵੀ ਪਾ; 10 ਨੂੰ ਦੇਵੀ ਦੇਵਤਿਆਂ ਦੇ ਸਿਮਰਨ ਉਸਤਤ ਕਰਨ ਵਾਲੇ ਦੇ ਰੂਪ ਵਿਚ ਪੇਸ਼ ਕਰਦਾ ਹੈ, ਇਹ ਪਾ 10 ਕ੍ਰਿਤ ਨਹੀਂ। ਅਨੇਕਾਂ ਰਹਿਤਨਾਮਿਆਂ ਵਿਚ ਪਾ:10 ਦੇ ਹੁਕਮ ਨਹੀਂ ।
ਦਾਸ ਨੇਂ ਇਹ ਸਾਰੀ ਜਾਣਕਾਰੀ ਅਪਨੇ 25 ਜਨਵਰੀ 2010 ਦੇ ਲੇਖ ਵਿਚ ਦਿਤੀ ਸੀ, ਉਹ ਲੇਖ ਅਟੈਚ ਕਰ ਰਿਹਾ ਹਾਂ।

1936/45 ਵਾਲੀ ਰਹਿਤ ਮਰਯਾਦਾ ਪੁਰਾਤਨ ਸਿਖ ਇਤਿਹਾਸ, ਦਸਮ ਗ੍ਰੰਥ, ਸਰਬ ਗ੍ਰੰਥ, ਤੇ ਰਹਿਤਨਾਮਿਆਂ ਦੇ ਸ੍ਰੋਤਾ ਤੋਂ ਲੈ ਕੇ ਬਨੀਂ ਸੀ। ਉਦੋਂ ਸਿਖ, ਹਿੰਦੂ ਸੰਸਥਾਵਾਂ ਦੇ ਇਸ ਵਡੇ ਪੈਮਾਨੇਂ ਤੇ ਰਚੇ ਸ਼ਡਯੰਤਰ ਤੇ ਸਿਖਾਂ ਨੂੰ ਧੋਖਾ ਦੇਨ ਵਾਲੀ, ਸਿਖ ਮਤ ਨੂੰ ਬੇਦ ਮਤ ਵਿਚ ਰਲਾਉਨ ਦੀ ਸਾਜ਼ਿਸ਼ ਨੂੰ ਸਮਝ ਨਹੀਂ ਸਕੇ। ਇਸਤਰਾਂ ਜਾਪ ਸਾਹਿਬ ਆਦਿ ਬਾਣੀਆਂ ਸਾਡੀ ਰਹਿਤ ਮਰਯਾਦਾ ਵਿਚ ਆ ਗਈਆਂ।ਸਾਨੂੰ ਇਹ ਸਮਝਨ ਦੀ ਲੋੜ ਹੈ ਕਿ ਕੂੜਿਆਂ ਸ੍ਰੋਤਾਂ ਤੋਂ ਬਨੀਂ ਰਹਿਤ ਮਰਯਾਦਾ ਕੂੜ ਹੈ,ਇਸ ਰਹਿਤ ਮਰਯਾਦਾ ਸਦਕਾ ਗੁਰਸਿਖ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਬਾਣੀ ਹੁਕਮਾਂ ਵਿਰੁਧ ਦੇਵੀ ਦੇਵਤਿਆਂ ਦਾ ਸਿਮਰਨ ਤੇ ਉਸਤਤ ਕਰਦੇ ਹਨ।

ਪਿਛਲੇ 80 ਸਾਲ ਤੋਂ ਸਿਖਾਂ ਦੀ ਇਸ ਧਰਮ ਕਮਾਉਨ ਦੀ ਕਾਰ ਨੇਂ ਸਿਖਾਂ ਦੀ ਚੇਤਨਾਂ ਵਿਚ ਦੇਵੀ ਦੇਵਤੇ ਤੇ ਬੇਦ ਬਾਣੀ ਵਸਾ ਦਿਤੇ ਹਨ। ਇਹ ਅਚੇਤ ਮਨ ਵਿਚ ਵਸਿਆ ਬੇਦਮਤ; ਗੁਰਬਾਣੀ ਦੇ ਨਿਰੋਲ ਉਪਦੇਸ਼ ਨੂੰ ਸਮਝਨ ਵਿਚ ਵਡੀ ਰੁਕਾਵਟ ਹੈ। ਨਤੀਜਾਂ ਸਾਡੇ ਸਾਹਮਣੇ ਹੈ, ਸਿਖਾਂ ਵਿਚ ਬੇਦ ਮਤ ਤੇ ਬੇਦਕ ਸੰਸਕ੍ਰਿਤੀ ਘਰ ਕਰ ਗਈ, ਸਿਖ ਪਤਿਤ ਹੋਣ ਵਿਚ ਕੋਈ ਦੋਸ਼ ਨਹੀਂ ਸਮਝਦੇ ਤੇ ਹਿੰਦੂ ਬਣ ਰਹੇ ਹਨ। ਸਿਖਾਂ ਵਿਚ ਚੰਗੇ ਆਚਾਰ ਵਾਲੇ ਜੀਵਨ ਵਿਚ ਗਿਰਾਵਟ ਆ ਗਈ, ਭੰਗ ਦਾ ਨਸ਼ਾ ਸਿਖਾਂ ਦੇ ਧਰਮ ਦਾ ਅੰਗ ਬਨ ਗਿਆ। ਸਿਖ ਹੁਣ ਹਿੰਦੂ ਖਤਰੀਆਂ ਵਾਂਗ ਸ਼ਸਤਰਾਂ ਦੀ ਪੂਜਾ ਕਰਦੇ ਹਨ। ਇਹ ਗੁਰਬਾਣੀ ਉਪਦੇਸ਼ਾਂ ਵਿਰੁਧ ਕਰਮ ਹਨ।

ਸਿਖ ਲੀਡਰਾਂ ਲਈ ਹੁਣ ਜ਼ਰੂਰੀ ਪਰਰਚਾਰ ਦਾ ਮੁਦਾ ਹੈ ਕਿ ਅਸੀਂ ਸਭ ਗੁਰਸਿਖਾਂ ਨੂੰ ਦਸਮ ਗ੍ਰੰਥ ਤੇ ਪੁਰਾਤਨ ਸਿਖ ਇਤਿਹਾਸ ਦੀ ਅਸਲੀਅਤ ਇਹਨਾਂ ਗ੍ਰੰਥਾਂ ਤੇ ਬੇਦ ਬਾਣੀ ਦੇ ਗ੍ਰੰਥਾਂ ਨੂੰ ਦਿਖਾ ਕੇ ਤੇ ਗੁਰਬਾਣੀ ਦੇ ਤੋਲ ਤੇ ਤੋਲ ਕੇ ਸਮਝਾਈਏ ।ਅੰਤਮ ਨਿਰਣੇ ਗੁਰਬਾਣੀ ਕਰਦੀ ਹੈ ਤੇ ਉਹ ਹੀ ਸਾਡਾ ਓਟ ਆਸਰਾ ਹੈ।
ਉਪਰ ਦਿਤੇ ਤਥਾਂ ਨੂੰ ਸਮਝਨ ਤੌਂ ਬਾਦ ਅਨੇਕਾਂ ਸੂਝਵਾਨ ਸਿਖਾਂ ਨੇ ਭਗੌਤੀ ਨੂੰ ਸਿਮਰਨ ਵਾਲੀ ਅਰਦਾਸ, ਜਾਪ ਸਾਹਿਬ ਆਦਿ ਬਾਣੀਆਂ ਪੜਨੀਆਂ ਛਡ ਦਿਤੀਆਂ ਹਨ ਤੇ ਨਿਰੋਲ਼ ਸਿਖੀ ਵਿਚ ਰਹਿਨ ਦਾ ਨਿਰਣਾ ਲਿਆ ਹੈ। ਜਿਤਨਾਂ ਸਫਲ ਪਰਚਾਰ ਅਸੀਂ ਕਰਾਂਗੇ ਉਤਨੀਂ ਨਿਰੋਲ ਸਿਖਾਂ ਦੀ ਗਿਣਤੀ ਵਧਦੀ ਰਹੇਗੀ। ਸਭ ਸੂਝਵਾਨ ਸਿਖ ਇਸ ਧਰਮ ਦੇ ਕੰਮ ਵਿਚ ਯੋਗਦਾਨ ਪਾ ਕੇ ਮੁਹਿਮ ਨੂੰ ਕਾਮਯਾਬ ਬਨਾ ਸਕਦੇ ਹਨ।

ਦਾਸ ਦਾ ਸੁਝਾਓ ਹੈ ਕਿ ਦਸਮ ਗ੍ਰੰਥ ਆਦਿ ਤੇ ਕਮ ਕਰਨ ਵਾਲਿਆਂ ਗੁਰਸਿਖਾਂ ਦੀ ਇਕ ਬੈਠਕ ਰਕਾਬ ਗੰਜ ਗੁਰਦੁਆਰੇ ਵਿਚ ਬੁਲਾ ਲਵੋ। ਦਾਸ ਤੇ ਸਹਯੋਗੀ ਸਪਸ਼ਟੀ ਕਰਣ ਦੇ ਦੇਣਗੇ ।ਉਦੈਂ ਸਾਰੇ ਮਤਭੇਦ ਮਿਟ ਜਾਣਗੇ। ਅਸੀਂ ਸਾਰੇ ਇਕੋ ਸੁਰ ਵਿਚ ਰਲਮਿਲ ਕੇ ਪਰਚਾਰ ਕਰੀਏ ਤਾਂ ਸਿਖੀ ਦਾ ਪੁਨਰਨਿਮਾਣ ਸੰਭਵ ਹੈ ਤੇ ਸਿਖੀ ਦਾ ਸੁਤੰਤਰ ਵਜੂਦ ਕਾਇਮ ਰਹ ਸਕਦਾ ਹੈ।
ਇਹ ਬੈਠਕ ਵਿਸ਼ਾਲ ਸਿਖ ਸੰਮੇਲਨ ਲਈ rehearsal ਦਾ ਕਮ ਵੀ ਕਰੇਗੀ ।

ਡਾ: ਗੁਰਮੁਖ ਸਿੰਘ
Dr Gurmukh Singh, B-6/58, Safdarjang Enclave New Delhi 110029